# BUDHA DAL PUBLIC SCHOOL PATIALA

## First Term Examination (30 August 2024)

**Class - XI (Humanities)**

**Paper - Punjabi (Set-B)**

**Time: 3 hrs.** **MM: 80**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
2. ਲਿਖਾਈ ਸਾਫ਼ ਅਤੇ ਸ਼ੁੱਧ ਲਿਖੀ ਜਾਵੇ।
3. ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

### ਅਡਵਾਂਸ ਪੜ੍ਹਨ-ਕੌਸ਼ਲ

ਪ੍ਰ1. ਹੇਠਾਂ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ : (5×1=5)

ਪੰਜਾਬੀਆਂ ਨੂੰ ਬੀਰਤਾ ਦੀ ਰੁਚੀ ਵਿਰਾਸਤ ਵਿੱਚੋਂ ਮਿਲੀ ਹੈ। ਸ਼ੁਰੂ ਤੋਂ ਹੀ ਇਨ੍ਹਾਂ ਨੂੰ ਭਾਰਤ ਉੱਤੇ ਧਾਵਾ ਕਰਨ ਆਏ ਧਾੜਵੀਆਂ ਨਾਲ ਲੋਹਾ ਲੈਣਾ ਪਿਆ ਹੈ। ਪ੍ਰਦੇਸੀ ਧਾੜਵੀਆਂ ਦੀ ਈਨ ਮੰਨਣੋਂ ਇਨਕਾਰੀ ਪੰਜਾਬੀਆਂ ਦੀ ਅਣਖ ਰੋਹ ਵਿੱਚ ਆ ਕੇ ਰਣ-ਭੂਮੀ ਵਿੱਚ ਬੀਰਤਾ ਦੇ ਹੱਥ ਵਿਖਾਉਂਦੀ ਰਹੀ ਹੈ। ਯੂਨਾਨੀਆਂ ਦੇ ਕਾਲ ਤੋਂ ਲੈ ਕੇ ਅੰਗਰੇਜ਼ੀ ਰਾਜ ਦੀ ਸਥਾਪਤੀ ਤੀਕ ਪੰਜਾਬੀਆਂ ਨੂੰ ਆਪਣੇ ਵੈਰੀਆਂ ਵਿਰੁੱਧ ਬੇਅੰਤ ਵਾਰ ਤੇਗਾਂ ਵਾਹੁਣੀਆਂ ਪਈਆਂ ਹਨ। 'ਪੰਜਾਬ ਦੇ ਜਾਇਆ ਨੂੰ ਨਿੱਤ ਮੁਹਿੰਮਾਂ' ਕਹਾਵਤ ਇਸ ਗੱਲ ਦੀ ਗਵਾਹੀ ਦਿੰਦੀ ਹੈ। ਪੰਜਾਬੀ ਲੋਕ-ਗੀਤ ਵੀ ਪੰਜਾਬੀਆਂ ਦੀ ਹਜ਼ਾਰਾਂ ਵਰ੍ਹਿਆਂ ਤੋਂ ਤੁਰੀ ਆ ਰਹੀ ਬੀਰ-ਪਰੰਪਰਾ ਨੂੰ ਸਾਂਭੀ ਤੁਰੇ ਆ ਰਹੇ ਹਨ। ਇਨ੍ਹਾਂ ਵਿੱਚ ਪੰਜਾਬੀ ਨਾਇਕ ਹਥਿਆਰਾਂ ਨਾਲ ਲੈਸ, ਨੀਲੇ ਘੋੜਿਆਂ 'ਤੇ ਅਸਵਾਰ, ਰਾਜੇ ਦੀ ਨੌਕਰੀ ਜਾਂ ਦੇਸ਼ ਦੀ ਰੱਖਿਆ ਲਈ ਨਿੱਤ ਨਵੀਆਂ ਮੁਹਿੰਮਾਂ ਤੇ ਸੱਜ-ਵਿਆਹੀਆਂ ਪਤਨੀਆਂ ਨੂੰ ਵਿਛੋੜਾ ਦੇ ਕੇ ਜਾਂਦੇ ਨਜ਼ਰ ਆਉਂਦੇ ਹਨ।

—ਉਪਰੋਕਤ ਵਾਰਤਕ ਪੈਰੇ ਦੇ ਅਧਾਰ 'ਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰਾਂ ਦਾ ਸਹੀ ਵਿਕਲਪ ਚੁਣੋ :

**ਪ੍ਰਸ਼ਨ 1.** ਪੰਜਾਬੀਆਂ ਨੂੰ ਬੀਰਤਾ ਦੀ ਰੁਚੀ ਕਿੱਥੋਂ ਮਿਲੀ ਹੈ ?

(ੳ) ਪਰਿਵਾਰ ਵਿੱਚੋਂ ☐ (ਅ) ਸਮਾਜ ਵਿੱਚੋਂ ☐

(ੲ) ਵਿਰਾਸਤ ਵਿੱਚੋਂ ☐ (ਸ) ਦੇਸ ਵਿੱਚੋਂ ☐

**ਪ੍ਰਸ਼ਨ 2.** ਪੰਜਾਬੀ ਰਣ-ਭੂਮੀ ਵਿੱਚ ਧਾੜਵੀਆਂ ਨਾਲ ਦੋ ਹੱਥ ਕਿਉਂ ਕਰਦੇ ਸਨ ?

(ੳ) ਨਫ਼ਰਤ ਕਰਕੇ ☐ (ਅ) ਪਿਆਰ ਕਰਕੇ ☐

(ੲ) ਬ੍ਰੀਰਤਾ ਕਰਕੇ ☐ (ਸ) ਅਣਖ ਕਰਕੇ ☐

**ਪ੍ਰਸ਼ਨ 3.** ਪੰਜਾਂਬੀਆਂ ਲਈ ਕਿਹੜੀ ਕਹਾਵਤ ਵਰਤੀ ਜਾਂਦੀ ਹੈ ?

(ੳ) ਭੱਜਦਿਆਂ ਨੂੰ ਵਾਹਣ ਇੱਕੋ ਜਿਹੇ ☐ (ਅ) ਝੁੱਗਾ ਫੂਕ ਤਮਾਸ਼ਾ ਵੇਖਣਾ ☐

(ੲ) ਚਾਦ ਵੇਖ ਕੇ ਪੈਰ ਪਸਾਰਨਾ ☐ (ਸ) ਪੰਜਾਬ ਦੇ ਜਾਇਆਂ ਨੂੰ ਨਿੱਤ ਮੁਹਿੰਮਾਂ ☐

**ਪ੍ਰਸ਼ਨ 4.** ਪੰਜਾਬੀਆਂ ਦੀ ਬੀਰ ਪਰੰਪਰਾ ਨੂੰ ਕਿਸ ਨੇ ਸਾਂਭਿਆ ਹੈ ?

(ੳ) ਲੋਕਾਂ ਨੇ ☐ (ਅ) ਲੋਕ-ਗੀਤਾਂ ਨੇ ☐

(ੲ) ਸੂਰਬੀਰਾਂ ਨੇ ☐ (ਸ) ਮੁਟਿਆਰਾਂ ਨੇ ☐

**ਪ੍ਰਸ਼ਨ 5.** ਪੰਜਾਬੀ ਨਵੀਆਂ ਮੁਹਿੰਮਾਂ ਤੇ ਕਿਸ ਨੂੰ ਵਿਛੋੜਾ ਦੇ ਕੇ ਜਾਂਦੇ ਸਨ ?

(ੳ) ਪਰਿਵਾਰ ਨੂੰ ☐ (ਅ) ਸੱਜ ਵਿਆਹੀਆਂ ਪਤਨੀਆਂ ਨੂੰ ☐

(ੲ) ਦੇਸ਼ਾਂ ਨੂੰ ☐ (ਸ) ਗੁਆਂਢੀਆਂ ਨੂੰ ☐

B-1

**ਲਿਖਣ-ਕੌਸ਼ਲ**

**ਪ੍ਰ2.** ਇੰਟਰਨੈੱਟ ਰਾਹੀਂ ਹੁੰਦੀਆਂ ਠੱਗੀਆਂ ਬਾਰੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ **(8)**

**ਜਾਂ**

ਵੱਧ ਰਹੇ ਟ੍ਰੈਫਿਕ ਕਾਰਨ ਸੜਕਾਂ ਤੇ ਹੋ ਰਹੀਆਂ ਦੁਰਘਟਨਾਵਾਂ ਬਾਰੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

**ਪ੍ਰ3. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 150 ਸ਼ਬਦਾਂ ਦਾ ਇੱਕ ਪੈਰਾ ਲਿਖੋ:** **(10)**

ਪੰਜਾਬ ਵਿੱਚ ਨਸ਼ਾ **ਜਾਂ** ਸਵੇਰ ਦੀ ਸੈਰ

**ਪ੍ਰ4. ਕਿਸੇ ਛੇ ਸ਼ਬਦਾਂ ਦੇ ਸਮਾਨਾਰਥੀ ਪੰਜਾਬੀ ਸ਼ਬਦ ਲਿਖੋ:** **(6)**

Accountant, Approval, Bi-annual, Cashier, Claim, Day book, Basic pay, Director

**ਪ੍ਰ5. ਕਿਸੇ ਪੰਜ ਵਾਕਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ:** **(2×4=8)**

ੳ) Payment can be made by cash or by cheque.

ਅ) Please check your bank account before issue a cheque.

ੲ) Railway is a public property, help to maintain it.

ਸ) Spilting is prohibited on the platform.

ਹ) One should keep one's insurance policy and receipts carefully.

ਕ) You must enter a nominee while taking insurance policy.

**ਵਿਆਕਰਨ**

**ਪ੍ਰ6. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਛੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ:**

ਊਂਧੜ-ਧੁੰਮੀ ਮਚਾਉਣਾ, ਅੱਲੇ ਫੱਟਾਂ ਤੇ ਲੂਣ ਛਿੜਕਣਾ, ਸਿਰ ਖੁਰਕਣ ਦੀ ਵਿਹਲ ਨਾ ਹੋਣਾ, ਹੱਥ ਵਟਾਉਣਾ, ਕਣਕ ਨਾਲ ਘੁਣ ਵੀ ਪਿਸਣਾ, ਕਿਤਾਬੀ ਕੀੜਾ ਹੋਣਾ, ਹੱਥ ਉੱਤੇ ਹੱਥ ਰੱਖ ਕੇ ਬਹਿਣਾ, ਹਵਾ ਦੇ ਘੋੜੇ ਤੇ ਸਵਾਰ ਹੋਣਾ**(6)**

**ਪ੍ਰ7.** ਮਕਾਨ ਕਿਰਾਏ 'ਤੇ ਦੇਣ ਲਈ ਅਖ਼ਬਾਰ ਵਿੱਚ ਇਸ਼ਤਿਹਾਰ ਲਿਖੋ। **(8)**

**ਜਾਂ**

'ਬੇਟੀ ਦੀ ਲੋਹੜੀ' ਮਨਾਉਣ ਲਈ ਸੱਦਾ-ਪੱਤਰ ਲਿਖੋ।

**ਪਾਠ-ਪੁਸਤਕਾਂ 'ਤੇ ਅਧਾਰਿਤ**

**ਪ੍ਰ8. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਨੌਂ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ:** **(1×9=9)**

ੳ) 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਧੀ ਨੂੰ ਕਾਹਦਾ ਚਾਅ ਹੈ?

ਅ) 'ਜਾਈਏ' ਸ਼ਬਦ ਕਿਸ ਲਈ ਵਰਤਿਆ ਜਾਂਦਾ ਹੈ?

ੲ) ਪੂਰਨ ਦੀ ਮਤਰੇਈ ਮਾਂ ਦਾ ਨਾਂ ਕੀ ਸੀ?

ਸ) 'ਹਰਿਆ ਨੀ ਮਾਲਣ' ਘੋੜੀ ਵਿੱਚ ਮਾਲਣ ਮੁੰਡੇ ਵਾਸਤੇ ਕੀ ਲੈ ਕੇ ਆਉਂਦੀ ਹੈ?

ਹ) ਰਸਾਲੂ ਨੂੰ ਕਿਸ ਨੇ ਦੇਸ਼ ਨਿਕਾਲਾ ਦੇ ਦਿੱਤਾ?

ਕ) 'ਮੱਥੇ ਤੇ ਚਮਕਣ ਵਾਲ' ਲੋਕ-ਕਾਵਿ ਦੀ ਕਿਹੜੀ ਵੰਨਗੀ ਹੈ?

B-2

ਖ) ਦੁੱਲ੍ਹੇ ਨੂੰ ਫੜਨ ਲਈ ਕਿਸ ਨੇ ਫੌਜ ਭੇਜੀ?

ਗ) ਸਿੱਠਣੀਆਂ ਕਿਸ ਨੂੰ ਦਿੱਤੀਆਂ ਜਾਂਦੀਆਂ ਹਨ?

ਘ) ਟੱਪਿਆਂ ਵਿੱਚ ਮਾਂ ਸਮਾਨ ਦਰਜਾ ਕਿਸ ਨੂੰ ਦਿੱਤਾ ਗਿਆ ਹੈ?

ਙ) ਜਿੰਨ੍ਹਾਂ ਨੇ ਚਿੱਟੇ ਚੌਲ ਪੁੰਨ ਕੀਤੇ ਰੱਬ ਨੇ ਉਹਨਾਂ ਦੀਆਂ ਕੀ ਬਣਾਈਆਂ ਹਨ?

**ਪ੍ਰ9. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ:** (4×2=8)

ੳ) ਅੱਸੂ ਦਾ ਕਾਜ ਰਚਾ ਸੁਹਾਗ ਦਾ ਸਾਰ ਲਿਖੋ।

ਅ) 'ਨਿਵੇ ਪਹਾੜਾਂ ਤੇ ਪਰਬਤ' ਸੁਹਾਗ ਵਿੱਚ ਕੁੜੀ ਦੇ ਵਿਆਹ ਸਮੇਂ ਉਸ ਦੇ ਪੇਕੇ ਪਰਿਵਾਰ ਦੇ ਲੋਕ ਕਿਉਂ ਨਿਉਂਦੇ ਵਿਖਾਏ ਗਏ ਹਨ?

ੲ) 'ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ' ਘੋੜੀ ਵਿੱਚ ਵਿਆਹੇ ਜਾਣ ਵਾਲੇ ਮੁੰਡੇ ਦੀ ਸਿਫ਼ਤ ਕਿਵੇਂ ਕੀਤੀ ਗਈ ਹੈ?

ਸ) 'ਨਿੱਕੀ-ਨਿੱਕੀ ਬੂੰਦੀ' ਨਾਂ ਦੀ ਘੋੜੀ ਵਿੱਚ ਵਿਆਹੇ ਜਾਣ ਵਾਲੇ ਮੁੰਡੇ ਦੇ ਪਰਿਵਾਰ ਦੀ ਖੁਸ਼ਹਾਲੀ ਕਿਵੇਂ ਦੱਸੀ ਗਈ ਹੈ?

ਹ) 'ਜੱਗ ਜਿਉਣ ਵੱਡੀਆਂ ਭਰਜਾਈਆਂ, ਪਾਣੀ ਮੰਗਾਂ ਦੁੱਧ ਦਿੰਦੀਆਂ' ਇਸ ਟੱਪੇ ਵਿੱਚ ਕਿਹੜੇ ਭਾਵ ਪ੍ਰਗਟ ਹੋਏ ਹਨ?

**ਪ੍ਰ10. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਦਿਓ:** (4×3=12)

ੳ) ਰਾਜਾ ਰਸਾਲੂ ਨੇ ਰਾਜਾ ਸਿਰਕੱਪ ਨੂੰ ਕਿਵੇਂ ਹਰਾਇਆ?

ਅ) ਪੂਰਨ ਗੋਰਖ ਨਾਥ ਦੇ ਸੰਪਰਕ ਵਿੱਚ ਕਿਵੇਂ ਆਇਆ?

ੲ) ਦੁੱਲਾ-ਭੱਟੀ ਦੰਤ-ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਸ) ਲੂਣਾਂ ਨੇ ਪੂਰਨ ਉੱਤੇ ਝੂਠੀ ਤੁਹਮਤ ਕਿਉਂ ਲਗਾਈ?

ਹ) ਦੁੱਲਾ ਲੋਕਾਂ ਵਿੱਚ ਹਰਮਨ ਪਿਆਰਾ ਕਿਉਂ ਹੋ ਗਿਆ?